# लग्गी तेरी मोहर जोगिया

ਦਰ ਕਿਸੇ ਦੇ ਨਹੀਂ ਜਾਂਦੇ, ਫਿਰ ਹੋਰ ਜੋਗੀਆ ॥
ਓ ਜਿਹਨਾਂ ਭਗਤਾਂ ਤੇ ॥। ਲੱਗੀ ਤੇਰੀ ਮੋਹਰ ਜੋਗੀਆ ॥

ਧੂਣਾ ਹਰ ਵੇਲੇ, ਭਗਤ ਤਪਾ ਕੇ ਰੱਖਦੇ ।
ਤੇਰੇ ਚਰਨਾਂ 'ਚ, ਸੁਰਤ ਟਿਕਾ ਕੇ ਰੱਖਦੇ ॥
ਓ ਫਿਰ ਲੁੱਟਦੇ ॥। ਖ਼ਜ਼ਾਨਾ ਬਣ ਚੋਰ ਜੋਗੀਆ,,,
ਜਿਹਨਾਂ ਭਗਤਾਂ ਤੇ, ਲੱਗੀ ਤੇਰੀ ਮੋਹਰ ਜੋਗੀਆ ॥

ਤੇਰੇ ਮੁੱਖੜੇ ਤੇ ਲੱਖਾਂ, ਸੂਰਜਾਂ ਦੀ ਲਾਲੀ ਏ ।
ਕੋਈ ਦਰ ਤੋਂ ਨਾ ਖ਼ਾਲੀ, ਮੁੜਿਆ ਸਵਾਲੀ ਏ ॥
ਓ ਤੇਰੇ ਨਾਮ ਦੇ ॥। ਨਸ਼ੇ ਦੀ ਰਹਿੰਦੀ ਲੋਰ ਜੋਗੀਆ,,,
ਜਿਹਨਾਂ ਭਗਤਾਂ ਤੇ, ਲੱਗੀ ਤੇਰੀ ਮੋਹਰ ਜੋਗੀਆ ॥

ਬੱਸ ਤੇਰੇ ਨਾਲ, ਸਾਡੀਆਂ ਨੇ ਸ਼ਾਨਾਂ ਜੋਗੀਆ ।
ਸਾਡੇ ਸੁੱਖ ਭਾਵੇਂ, ਰੱਖ ਲੈ ਬਿਆਨਾਂ ਜੋਗੀਆ ॥
ਓ ਸਾਡੀ ਤੇਰੇ ਨਾਲ ॥। ਬਣਦੀ ਏ ਟੋਹਰ ਜੋਗੀਆ,,,
ਜਿਹਨਾਂ ਭਗਤਾਂ ਤੇ, ਲੱਗੀ ਤੇਰੀ ਮੋਹਰ ਜੋਗੀਆ ॥

ਜਦੋ ਜੋਗੀ ਦਿਆਂ, ਭਗਤਾਂ ਨਾਲ ਸੰਗ ਹੋ ਗਿਆ ।
ਤਾਜ਼ ਤੇਰਿਆਂ, ਰੰਗਾਂ ਦੇ ਵਿੱਚ ਰੰਗ ਹੋ ਗਿਆ ॥
ਓ ਮੈਨੂੰ ਤੇਰੇ ਬਾਝੋਂ ॥। ਦਿੱਸੇ ਨਾ ਕੋਈ ਹੋਰ ਜੋਗੀਆ,,,
ਜਿਹਨਾਂ ਭਗਤਾਂ ਤੇ ਲੱਗੀ ਤੇਰੀ ਮੋਹਰ ਜੋਗੀਆ ॥

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/27776/title/laggi-teri-mohar-jogiya

अपने Android मोबाइल पर BhajanGanga App डाउनलोड करें और भजनों का आनंद ले |